**ਡਾਇਰੈਕਟੋਰੇਟ**

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ**

**ਐਸ.ਸੀ.ਐਫ.ਨੰ: 7, ਫੇਸ-1, ਐਸ. ਏ. ਐਸ. ਨਗਰ**

DSW For compliance & information to all

17/11/21

ਵੱਲ

ਸਮੂਹ ਜਿਲ੍ਹਾ ਸਮਾਜਿਕ ਨਿਆ, ਅਧਿਕਾਰਤਾ ਅਤੇ ਘੱਟ ਗਿਣਤੀ ਅਫਸਰ,
ਪੰਜਾਬ।

ਮੀਮੋ ਨੰਬਰ: 143

ਮਿਤੀ, ਐਸ.ਏ.ਐਸ.ਨਗਰ। 03/11/2021

ਵਿਸ਼ਾ: ਵਿਦਿਅਕ ਸੈਸ਼ਨ 2021-22 ਦੌਰਾਨ ਘੱਟ ਗਿਣਤੀ **ਵਰਗ (six notified minority Communities, viz. Muslim,Christian, Sikh, Buddhist, Jain, Parsi (Zoroastrian)** ਦੇ ਵਿਦਿਆਰਥੀਆਂ (ਪ੍ਰੋਫੈਸ਼ਨਲ ਅਤੇ ਤਕਨੀਕੀ ਕੋਰਸ ਕਰਦੇ) ਦੀਆ ਦਰਖਾਸਤਾਂ ਮੈਰਿਟ-ਕਮ-ਮੀਨਜ ਬੇਸਡ ਸਕਾਲਰਸ਼ਿਪ ਸਕੀਮ ਅਧੀਨ ਨੈਸ਼ਨਲ ਸਕਾਲਰਸ਼ਿਪ ਪੋਰਟਲ www.scholarships.gov.in ਤੇ ਮਿਤੀ 30-11-2020 ਤੱਕ ਦਰਜ ਕਰਨ ਦੇ ਸਬੰਧ ਵਿੱਚ।

ਉਪਰੋਕਤ ਵਿਸੇ ਸਬੰਧੀ ਆਪ ਜੀ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ ਨਵੀਂ ਦਿੱਲੀ ਵੱਲੋਂ ਘੱਟ ਗਿਣਤੀ ਵਰਗ ਲਈ ਪ੍ਰੀ ਮੈਟ੍ਰਿਕ, ਪੋਸਟ ਮੈਟ੍ਰਿਕ ਅਤੇ ਮੈਰਿਟ ਕਮ ਮੀਨਜ ਬੇਸਡ ਤਿੰਨ ਸਕਾਲਰਸਿਪ ਸਕੀਮਾਂ ਚਲਾਈ ਜਾ ਰਹੀਆਂ ਹਨ। ਪ੍ਰੀ-ਮੈਟ੍ਰਿਕ ਅਤੇ ਪੋਸਟ ਮੈਟ੍ਰਿਕ ਸਕਾਲਰਸਿਪ ਫਾਰ ਮਨਿਓਰਟੀ ਵਿੱਚ ਭਾਰਤ ਸਰਕਾਰ ਵੱਲੋਂ ਦਿੱਤੇ ਟਾਰਗੇਟ ਪੂਰੇ ਹੋ ਰਹੇ ਹਨ ਪਰ ਮੈਰਿਟ ਕਮ ਮੀਨਜ ਬੇਸਡ ਸਕਾਲਰਸਿਪ ਵਿੱਚ ਪਿਛਲੇ ਕੁਝ ਸਾਲਾ ਦੌਰਾਨ ਤੈਅ ਟਾਰਗੇਟ ਤੋਂ ਘੱਟ ਵਿਦਿਆਰਥੀ ਅਪਲਾਈ ਕਰ ਰਹੇ ਹਨ।

ਪਿਛਲੇ ਸਮੇਂ ਦੌਰਾਨ ਬਹੁਤ ਸਾਰੇ ਵਿਦਿਆਰਥੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਮਨਿਓਰਟੀ ਵਿੱਚ ਅਪਲਾਈ ਕਰ ਦਿੰਦੇ ਹਨ ਜਦੋਂ ਕਿ ਉਹ ਮੈਰਿਟ ਕਮ ਮੀਨਜ ਬੇਸਡ ਸਕੀਮ ਅਧੀਨ ਵੀ ਕਵਰ ਹੁੰਦੇ ਹਨ ਜਿਸ ਨਾਲ ਉਹਨਾਂ ਨੂੰ ਵਿੱਤੀ ਨੁਕਸਾਨ ਹੋ ਜਾਂਦਾ ਹੈ। ਕਿਉਂਕਿ ਮੈਰਿਟ ਕਮ ਮੀਨਜ਼ ਬੇਸਡ ਸਕੀਮ ਅਧੀਨ ਸਕਾਲਰਸ਼ਿਪ ਰਾਸ਼ੀ ਵੱਧ ਮਿਲਦੀ ਹੈ। ਇਸ ਦੇ ਨਾਲ ਹੀ ਇਹ ਵੀ ਜਾਣੂ ਕਰਵਾਇਆ ਜਾਂਦਾ ਹੈ ਕਿ ਭਾਰਤ ਸਰਕਾਰ, ਘੱਟ ਗਿਣਤੀ ਮੰਤਰਾਲੇ ਵੱਲੋਂ ਲਿਸਟਿਡ ਇੰਸਟੀਚਿਊਟ ਨਿਰਧਾਰਤ ਕੀਤੇ ਹੋਏ ਹਨ। ਜਿਹਨਾਂ ਵਿੱਚੋਂ ਤਿੰਨ ਪੰਜਾਬ ਰਾਜ ਨਾਲ ਸਬੰਧਤ ਹਨ। ਜਿਹਨਾਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ:-

**1) Dr. B.R. Ambedkar National Institute of Technology , Jalandhar,**
**2) Sant Longowal Institute of Engineering and Technology (SLIET) Longowal, Sangrur,**
**3) Indian Institute of Technology, Rupnagar.**

ਇਹਨਾਂ ਲਿਸਟਿਡ ਇੰਸਟੀਚਿਊਟ ਵਿੱਚ ਪੜ੍ਹਦੇ ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀ ਜੇਕਰ ਸਕੀਮ ਦੀਆ ਸ਼ਰਤਾ ਪੂਰੀਆ ਕਰਦੇ ਹਨ ਤਾ ਉਸ ਸੂਰਤ ਵਿੱਚ ਵਿਦਿਆਰਥੀ ਨੂੰ ਕੋਰਸ ਦੀ ਪੂਰੀ ਫੀਸ ਵਾਪਸ ਹੁੰਦੀ ਹੈ। ਇਸ ਤੋਂ ਇਲਾਵਾ ਦੂਸਰੇ ਵਿਦਿਅਕ ਸੰਸਥਾਵਾਂ ਜਿਹਨਾਂ ਵਿੱਚ ਤਕਨੀਕੀ/ਪ੍ਰੋਫੈਸ਼ਨਲ ਕੋਰਸ ਕਰਵਾਏ ਜਾਂਦੇ ਹਨ ਉਹਨਾਂ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ 30,000 ਰੁਪਏ ਤੱਕ ਫੀਸ ਵਾਪਸੀ ਕੀਤੀ ਜਾਂਦੀ ਹੈ।

**ਮੈਰਿਟ ਕਮ ਮੀਨਜ਼ ਬੇਸਡ ਸਕਾਲਰਸ਼ਿਪ ਸਕੀਮ ਦੇ ਟਿੱਚੇ ਪੂਰੇ ਕਰਨ ਸਬੰਧੀ ਆਪ ਆਪਣੇ ਜਿਲ੍ਹੇ ਨਾਲ ਸਬੰਧਤ ਵਿਦਿਅਕ ਸੰਸਥਾਵਾਂ ਜਿਵੇਂ ਕਿ ਯੂਨੀਵਰਸਿਟੀ ਅਤੇ ਤਕਨੀਕੀ/ਪ੍ਰੋਫੈਸ਼ਨਲ ਕੋਰਸ ਕਰਵਾਉਣ ਵਾਲੀਆਂ ਵਿਦਿਅਕ ਸੰਸਥਾਵਾਂ ਦੇ ਨਾਲ ਤਾਲਮੇਲ ਕਰਕੇ ਉਹਨਾਂ ਨੂੰ ਸਕੀਮ ਸਬੰਧੀ ਵਿਸਥਾਰ ਨਾਲ ਜਾਣੂ ਕਰਵਾਇਆ ਜਾਵੇ। ਜੇਕਰ ਆਪ ਨੂੰ ਮੁੱਖ ਦਫਤਰ ਤੋਂ ਇਸ ਪ੍ਰੋਗਰਾਮ ਕਰਨ ਵਿੱਚ ਕਿਸ ਕਿਸਮ ਦੇ ਸਹਿਯੋਗ ਦੀ ਜਰੂਰਤ ਹੋਵੇ ਤਾਂ ਪਹਿਲਾਂ ਹੀ ਜਾਣੂ ਕਰਵਾ ਦਿੱਤਾ ਜਾਵੇ ਤਾਂ ਜੋ ਉਸ ਅਨੁਸਾਰ ਬਣਦੀ ਕਾਰਵਾਈ ਕਰਕੇ ਸਕੀਮ ਅਧੀਨ ਵੱਧ ਤੋਂ ਵੱਧ ਯੋਗ ਵਿਦਿਆਰਥੀ ਕਵਰ ਕੀਤੇ ਜਾ ਸਕਣ।**

**... ਇਸ ਤੋਂ ਇਲਾਵਾ ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ, ਨਵੀਂ ਦਿੱਲੀ ਵੱਲੋਂ ਜਾਰੀ ਹਦਾਇਤਾ ਅਨੁਸਾਰ ਉਕਤ ਸਕੀਮ ਤਹਿਤ ਹਰ ਵਿਦਿਆਰਥੀ ਵੱਲੋਂ ਅਪਲਾਈ ਕਰਨ ਵੇਲੇ ਅਧਾਰ ਬੇਸਡ ਜਾਣਕਾਰੀ ਹੀ ਭਰੀ ਜਾਵੇ।**

**ਨੱਥੀ:** ਸਕੀਮ ਦੀ ਗਾਇਡਲਾਇਨਜ ਤੇ ਕੋਰਸਾ ਦੀ ਲਿਸਟ (Flag -A)

ਪਰਮਿੰਦਰ ਸਿੰਘ ਗਿੱਲ
ਡਿਪਟੀ ਡਾਇਰੈਕਟਰ

ਪਿੱਠ ਅੰਕਣ ਨੰਬਰ: 144-145 ਮਿਤੀ, ਐਸ.ਏ.ਐਸ.ਨਗਰ। 03/11/2021

ਉਤਾਰਾ: ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਜੀ:-

1. ਡਾਇਰੈਕਟਰ ਸਮਾਜਿਕ ਨਿਆ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਜੀ ਨੂੰ ਸੂਚਨਾ ਹਿੱਤ ਜੀ।
2. ਨਿੱਜੀ ਸਕੱਤਰ, ਪ੍ਰਮੁੱਖ ਸਕੱਤਰ, ਸਮਾਜਿਕ ਨਿਆ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਜੀ ਨੂੰ ਸੂਚਨਾ ਹਿੱਤ।

REGISTRAR OFFICE
DESPATCH
DATE: 17/11/21
NO. 112

ਪਰਮਿੰਦਰ ਸਿੰਘ ਗਿੱਲ
ਡਿਪਟੀ ਡਾਇਰੈਕਟਰ